ਪਟਿਆਲਾ
ਅਜੀਤ, ਚੰਡੀਗੜ੍ਹ
ਅਜੀਤ
ਸ਼ੁੱਕਰਵਾਰ, 28 ਨਵੰਬਰ 2025

ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਤੋਂ ਗੁਰਬਾਣੀ ਕੀਰਤਨ

ਰੇਡੀਓ

ਰਾਹੀਂ ਸਿੱਧੇ ਪ੍ਰਸਾਰਿਤ ਹੁੰਦੇ ਕੀਰਤਨ ਵਿਚ 28 **ਨਵੰਬਰ** ਨੂੰ ਸ਼ਾਮ 4.00 ਤੋਂ 6.00 ਵਜੇ ਤੱਕ **ਭਾਈ ਜਤਿੰਦਰਪਾਲ ਸਿੰਘ** ਅਤੇ 29 **ਨਵੰਬਰ** ਨੂੰ ਸਵੇਰੇ 4.00 ਤੋਂ 6.00 ਵਜੇ ਤੱਕ **ਭਾਈ ਜਗਤਾਰ ਸਿੰਘ** ਰਾ 'ਆਸਾ ਦੀ ਵਾਰ' ਦਾ ਕੀਰਤਨ ਕਰਨਗੇ।

ਪੀ. ਟੀ. ਸੀ.

ਪੀ. ਟੀ. ਸੀ. ਪੰਜਾਬੀ ਰਾਹੀਂ ਸਿੱਧੇ ਪ੍ਰਸਾਰਿਤ ਹੁੰਦੇ ਪ੍ਰੋਗਰਾਮ ਵਿਚ 28 **ਨਵੰਬਰ** ਨੂੰ ਸ਼ਾਮ 4.30 ਤੋਂ 6.30 ਵਜੇ ਤੱਕ **ਭਾਈ ਜਤਿੰਦਰਪਾਲ ਸਿੰਘ ਤੇ ਭਾਈ ਜੁਝਾਰ ਸਿੰਘ** ਕੀਰਤਨ, ਪਾਠ 'ਰਹਿਰਾਸ ਸਾਹਿਬ' ਉਪਰੰਤ 'ਆਰਤੀ' **ਭਾਈ ਤਜਿੰਦਰ ਸਿੰਘ** ਤੇ 29 **ਨਵੰਬਰ** ਨੂੰ ਸਵੇਰੇ 3.55 ਵਜੇ ਤੋਂ 7.45 ਵਜੇ ਤੱਕ **ਭਾਈ ਜਗਤਾਰ ਸਿੰਘ ਰਾ ਤੇ ਭਾਈ ਨਵਨੀਤ ਸਿੰਘ** ਕੀਰਤਨ ਕਰਨਗੇ।

ਐਸ. ਜੀ. ਪੀ. ਸੀ. ਵੈੱਬ ਚੈਨਲ 'ਤੇ ਸਵੇਰੇ 3.55 ਵਜੇ ਤੋਂ 8.30 ਵਜੇ ਤੱਕ, ਦੁਪਹਿਰ 12.30 ਵਜੇ ਤੋਂ 2.20 ਵਜੇ ਤੱਕ ਅਤੇ ਸ਼ਾਮ 6.00 ਵਜੇ ਤੋਂ 8.00 ਵਜੇ ਤੱਕ ਸਿੱਧਾ ਪ੍ਰਸਾਰਨ ਹੁੰਦਾ ਹੈ। ਐਸ. ਜੀ. ਪੀ. ਸੀ. ਦੇ ਮੋਬਾਈਲ ਐਪ ਤੋਂ ਅੰਮ੍ਰਿਤ ਵੇਲੇ ਤੋਂ ਸੁਖ ਆਸਨ ਤੱਕ ਦਾ ਪੂਰਾ ਸਮਾਗਮ ਸੁਣਿਆ ਜਾ ਸਕਦਾ ਹੈ।

ਮੁੱਖ ਵਾਕ ਦੀ ਕਥਾ : 28 ਨਵੰਬਰ ਨੂੰ ਭਾਈ ਸਾਹਿਬ ਭਾਈ ਹਰਪਾਲ ਸਿੰਘ ਮੁੱਖ ਗ੍ਰੰਥੀ ਗੁ: ਸ੍ਰੀ ਫ਼ਤਹਿਗੜ੍ਹ ਸਾਹਿਬ ਤੇ 29 ਨਵੰਬਰ ਨੂੰ ਗਿਆਨੀ ਸੰਤੋਖ ਸਿੰਘ ਸੁਰਸਿੰਘ, ਗੁ: ਮੰਜੀ ਸਾਹਿਬ ਦੀਵਾਨ ਹਾਲ ਸ੍ਰੀ ਹਰਿਮੰਦਰ ਸਾਹਿਬ ਸਮੂਹ ਵਿਖੇ ਸਵੇਰੇ 7.45 ਵਜੇ ਤੋਂ 8.30 ਵਜੇ ਤੱਕ ਮੁੱਖ ਵਾਕ ਦੀ ਕਥਾ ਕਰਨਗੇ।

ਵਿਧਾਇਕ ਚੇਤਨ ਸਿੰਘ ਜੌੜਾਮਾਜਰਾ ਸਮਾਣਾ ਵਿਖੇ ਵੱਖ-ਵੱਖ ਪਿੰਡਾਂ ਦੀਆਂ ਗ੍ਰਾਮ ਪੰਚਾਇਤਾਂ ਨੂੰ ਗਰਾਂਟਾਂ ਦੇ ਚੈੱਕ ਦਿੰਦੇ ਹੋਏ। ਅਜੀਤ ਤਸਵੀਰ

ਵਿਧਾਇਕ ਜੌੜਾਮਾਜਰਾ ਨੇ ਵੱਖ-ਵੱਖ ਪਿੰਡਾਂ ਦੀਆਂ ਪੰਚਾਇਤਾਂ ਨੂੰ ਗਰਾਂਟਾਂ ਦੇ ਚੈੱਕ ਦਿੱਤੇ

ਸਮਾਣਾ, 27 ਨਵੰਬਰ (ਹਰਵਿੰਦਰ ਸਿੰਘ ਟੋਨੀ)-ਸਮਾਣਾ ਦੇ ਵਿਧਾਇਕ ਚੇਤਨ ਸਿੰਘ ਜੌੜਾਮਾਜਰਾ ਨੇ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਦੀ ਰੰਗਲਾ ਪੰਜਾਬ ਵਿਕਾਸ ਸਕੀਮ ਤਹਿਤ ਮਾਰਕੀਟ ਕਮੇਟੀ ਸਮਾਣਾ ਵਿਖੇ ਵੱਖ-ਵੱਖ ਪਿੰਡਾਂ ਦੀਆਂ ਗ੍ਰਾਮ ਪੰਚਾਇਤਾਂ ਨੂੰ 5 ਕਰੋੜ ਰੁਪਏ ਦੀਆਂ ਗਰਾਂਟਾਂ ਦੇ ਚੈੱਕ ਦਿੱਤੇ। ਇਸ ਮੌਕੇ ਚੇਅਰਮੈਨ ਬਲਕਾਰ ਸਿੰਘ ਗੱਜੂਮਾਜਰਾ ਵੀ ਮੌਜੂਦ ਸਨ। ਵਿਧਾਇਕ ਜੌੜਾਮਾਜਰਾ ਨੇ ਇਸ ਮੌਕੇ ਪਿੰਡ ਵਾਸੀਆਂ ਵਲੋਂ ਦੱਸੇ ਗਏ ਕੰਮਾਂ ਨੂੰ ਪਹਿਲ ਦੇ ਆਧਾਰ 'ਤੇ ਪੂਰੇ ਕਰਨ ਲਈ ਪੰਚਾਇਤਾਂ ਨੂੰ ਕਿਹਾ ਕਿ ਸਾਰੇ ਕੰਮ ਪਾਰਦਰਸ਼ੀ ਢੰਗ ਨਾਲ ਮੁਕੰਮਲ ਕੀਤੇ ਜਾਣ। ਇਸ ਮੌਕੇ ਜੌੜਾਮਾਜਰਾ ਨੇ ਕਿਹਾ ਕਿ ਉਹ ਆਪਣੇ ਹਲਕੇ ਦੇ ਬਹੁਪੱਖੀ ਵਿਕਾਸ ਅਤੇ ਲੋਕਾਂ ਦੀਆਂ ਉਮੀਦਾਂ 'ਤੇ ਖਰੇ ਉਤਰਨ ਲਈ ਪੂਰੀ ਤਰ੍ਹਾਂ ਵਚਨਬੱਧ ਹਨ। ਆਉਣ ਵਾਲੇ ਸਮੇਂ ਦੌਰਾਨ ਹੋਰ ਕੰਮਾਂ ਲਈ ਵੀ ਗ੍ਰਾਂਟਾਂ ਦਿੱਤੀਆਂ ਜਾਣਗੀਆਂ, ਹਲਕੇ ਅੰਦਰ ਹੋਣ ਵਾਲੇ ਹੋਰ ਕਾਰਜਾਂ ਦੀ ਰਿਪੋਰਟ ਬਣਾਈ ਜਾ ਰਹੀ ਹੈ ਅਤੇ ਜਲਦ ਹੀ ਰਹਿ ਚੁੱਕੇ ਕੰਮ ਵੀ ਸ਼ੁਰੂ ਕਰਵਾ ਦਿੱਤੇ ਜਾਣਗੇ।

ਮਹੀਨਾਵਾਰ ਪੈਨਸ਼ਨ ਨਾ ਮਿਲਣ ਕਾਰਨ ਲਾਭਪਾਤਰੀਆਂ 'ਚ ਨਿਰਾਸ਼ਾ ਦਾ ਆਲਮ

ਰਾਜਪੁਰਾ, 27 ਨਵੰਬਰ (ਰਣਜੀਤ ਸਿੰਘ)-ਪੰਜਾਬ ਸਰਕਾਰ ਵਲੋਂ ਲਾਭਪਾਤਰੀਆਂ ਨੂੰ ਮਹੀਨਾਵਾਰ ਮਿਲਣ ਵਾਲੀ ਪੈਨਸ਼ਨ ਹਰ ਮਹੀਨੇ ਦੇ ਪਹਿਲੇ ਜਾਂ ਦੂਜੇ ਹਫ਼ਤੇ ਬੈਂਕ ਖਾਤਿਆਂ ਵਿਚ ਪਾ ਦਿੱਤੀ ਜਾਂਦੀ ਹੈ, ਪਰ ਐਤਕੀ ਮਹੀਨਾ ਖ਼ਤਮ ਹੋਣ ਵਾਲਾ ਹੈ ਪਰ ਲਾਭਪਾਤਰੀਆਂ ਦੀ ਮਹੀਨਾਵਾਰ ਪੈਨਸ਼ਨ ਹਾਲੇ ਤੱਕ ਉਨ੍ਹਾਂ ਦੇ ਬੈਂਕ ਖਾਤਿਆਂ ਵਿਚ ਨਹੀਂ ਆਈ ਹੈ। ਇਸ ਦਾ ਕਾਰਨ ਸਰਕਾਰ ਦੀ ਆਰਥਿਕ ਹਾਲਤ ਪਤਲੀ ਹੋਣ ਦਾ ਸ਼ੱਕ ਜਿਤਾਇਆ ਜਾ ਰਿਹਾ ਹੈ। ਇਸ ਸੰਬੰਧੀ ਵਿਭਾਗ ਦਾ ਕਹਿਣਾ ਹੈ ਕਿ ਜਲਦ ਹੀ ਪੈਨਸ਼ਨ ਮਿਲ ਜਾਵੇਗੀ ਜਾਣਕਾਰੀ ਮੁਤਾਬਿਕ ਸਰਕਾਰ ਵਲੋਂ ਬਜ਼ੁਰਗਾਂ, ਔਰਤਾਂ, ਵਿਧਵਾਵਾਂ ਹੋਰ ਜਰੂਰਤਮੰਦਾਂ ਨੂੰ ਮਹੀਨਾਵਾਰ ਪੈਨਸ਼ਨ ਦਿੱਤੀ ਜਾਂਦੀ ਹੈ। ਐਤਕੀ ਲਾਭਪਾਤਰੀਆਂ ਨੂੰ ਕਾਫ਼ੀ ਜਿਆਦਾ ਉਡੀਕ ਕਰਨੀ ਪੈ ਰਹੀ ਹੈ। ਭਾਵੇਂ ਇਹ ਪੈਨਸ਼ਨ 1500 ਰੁਪਏ ਮਹੀਨਾ ਹੀ ਹੁੰਦੀ ਹੈ, ਪਰ ਕਈ ਜਰੂਰਤਮੰਦਾਂ ਲਈ ਇਹ ਵੀ ਬਹੁਤ ਵੱਡਾ ਸਹਾਰਾ ਹੁੰਦੀ ਹੈ। ਇਸ ਸੰਬੰਧੀ ਕਈਆਂ ਦਾ ਕਹਿਣਾ ਹੈ ਕਿ ਸਰਦੀ ਦਾ ਸੀਜਨ ਸ਼ੁਰੂ ਹੋ ਗਿਆ ਹੈ ਕਈਆਂ ਨੇ ਆਪਣੀ ਦਵਾਈ ਵਗੈਰਾ ਲੈਣੀ ਹੈ ਤੇ ਕਈਆਂ ਨੇ ਸਰਦੀ ਦੇ ਕੱਪੜੇ ਲੈਣੇ ਹਨ। ਕਈ ਲਾਭਪਾਤਰੀਆਂ ਦਾ ਕਹਿਣਾ ਹੈ ਕਿ ਉਨ੍ਹਾਂ ਦਾ ਲੈ ਦੇ ਕੇ ਸਹਾਰਾ ਸਰਕਾਰ ਵਲੋਂ ਦਿੱਤੀ ਜਾਂਦੀ ਪੈਨਸ਼ਨ ਹੀ ਹੈ। ਦੱਸਣਯੋਗ ਹੈ ਕਿ ਇਹ ਕੋਈ ਪਹਿਲੀ ਗੱਲ ਨਹੀਂ ਹੈ ਇਸ ਤੋਂ ਪਹਿਲਾਂ ਵੀ ਕਈ ਵਾਰ ਪੈਨਸ਼ਨ ਲੇਟ ਹੋਈ ਹੈ ਅਤੇ ਕਈ ਵਾਰ ਦੋ ਮਹੀਨੇ ਦੀ ਇਕੱਠੀ ਪੈਨਸ਼ਨ ਖਾਤੇ ਵਿਚ ਪਾ ਦਿੱਤੀ ਜਾਂਦੀ ਹੈ। ਹੁਣ ਵੇਖਣਾ ਹੋਵੇਗਾ ਕਿ ਐਤਕੀ ਲਾਭਪਾਤਰੀਆਂ ਨੂੰ ਪੈਨਸ਼ਨ ਲੈਣ ਲਈ ਕਿੰਨਾ ਇੰਤਜਾਰ ਕਰਨਾ ਪਵੇਗਾ। ਇਸ ਸੰਬੰਧੀ ਡੀ.ਐੱਸ.ਐੱਫ.ਓ. ਵਿਭਾਗ ਦਾ ਕਹਿਣਾ ਹੈ ਕਿ ਪੈਨਸ਼ਨ ਦੇ ਬਿੱਲ ਖਜਾਨੇ ਵਿਚ ਜਮ੍ਹਾਂ ਕਰਵਾਏ ਗਏ ਹਨ ਜਲਦੀ ਹੀ ਪੈਨਸ਼ਨ ਦਿੱਤੀ ਜਾਵੇਗੀ।

ਸਿਹਤ ਮੰਤਰੀ ਦੇ ਜ਼ਿਲ੍ਹੇ 'ਚ ਹਸਪਤਾਲਾਂ 'ਚ ਡਾਕਟਰਾਂ ਦੀ ਕਮੀ ਕਾਰਨ ਲੋਕ ਹੋ ਰਹੇ ਨੇ ਖੱਜਲ ਖੁਆਰ

ਪਟਿਆਲਾ, 27 ਨਵੰਬਰ (ਮਨਦੀਪ ਸਿੰਘ ਖਰੌੜ)-'ਆਪ' ਸਰਕਾਰ ਪੰਜਾਬ 'ਚ ਸਿਹਤ ਸੇਵਾਵਾਂ ਨੂੰ ਕਾਰਗਰ ਬਣਾਉਣ ਦਾ ਵਾਅਦਾ ਕਰਕੇ ਸੱਤਾ 'ਚ ਆਈ ਸੀ, ਪਰ ਸਰਕਾਰ ਦੇ ਚਾਰ ਸਾਲ ਤਕਰੀਬਨ ਪੂਰੇ ਹੋ ਚੁੱਕੇ ਹਨ, ਪਰ ਇਸ ਦੇ ਬਾਵਜੂਦ ਵੀ ਪੰਜਾਬ ਭਰ ਦੇ ਹਸਪਤਾਲ ਡਾਕਟਰਾਂ ਅਤੇ ਅਮਲੇ ਦੀ ਕਮੀ ਨਾਲ ਜੂਝ ਰਹੇ ਹਨ, ਜਿਸ ਦਾ ਖ਼ਮਿਆਜ਼ਾ ਇੱਥੇ ਹਸਪਤਾਲ ਵਿਚ ਇਲਾਜ ਲਈ ਦੂਰੋਂ ਨੇੜਿਉਂ ਆਉਂਦੇ ਲੋਕਾਂ ਨੂੰ ਭੁਗਤਣਾ ਪੈ ਰਿਹਾ ਹੈ। ਇਸੇ ਸਿਲਸਿਲੇ ਤਹਿਤ ਸਿਹਤ ਮੰਤਰੀ ਦੇ ਜ਼ਿਲ੍ਹੇ ਹਸਪਤਾਲ ਮਾਤਾ ਕੁਸ਼ੱਲਿਆ, ਸਿਵਲ ਸਮਾਣਾ, ਨਾਭਾ, ਰਾਜਪੁਰਾ ਵਿਚ ਅਹਿਮ ਡਾਕਟਰਾਂ ਦੀ ਕਮੀ ਹੋਣ ਕਾਰਨ ਉੱਥੋਂ ਦੇ ਵਸਨੀਕਾਂ ਨੂੰ ਇਲਾਜ ਕਰਵਾਉਣ ਲਈ ਨਿੱਜੀ ਹਸਪਤਾਲਾਂ ਵਿਚ ਜਾਣ ਲਈ ਮਜਬੂਰ ਹੋ ਰਹੇ ਹਨ। ਪਤਾ ਲੱਗਾ ਹੈ ਕਿ ਮਾਤਾ ਕੁਸ਼ੱਲਿਆ ਵਿਚ ਮੈਡੀਸਨ ਦੇ ਡਾਕਟਰ, ਐਕਸ-ਰੇ ਵਿਭਾਗ ਵਿਚ ਅਮਲੇ ਵਿਚ ਕਮੀ, ਸਟਾਫ਼ ਨਰਸਾਂ ਤੇ ਹੋਰ ਵਿਭਾਗਾਂ ਵਿਚ ਪੱਕੇ ਤੌਰ 'ਤੇ ਡਾਕਟਰ ਮੌਜੂਦ ਨਹੀਂ ਹਨ। ਹਸਪਤਾਲ ਵਿਚ ਇਲਾਜ ਕਰਵਾਉਣ ਗਏ ਮਰੀਜ ਮਲਕੀਤ ਸਿੰਘ ਦੱਸਿਆ ਕਿ ਉਨ੍ਹਾਂ ਨੇ ਆਪਣਾ ਐਕਸਰਾ ਕਰਵਾਉਣਾ ਸੀ ਤਾਂ ਮਾਤਾ ਕੁਸ਼ੱਲਿਆ ਹਸਪਤਾਲ ਵਿਚ ਐਕਸ ਰੇ ਕਰਨ ਵਾਲਾ ਕੋਈ ਨਹੀਂ ਸੀ ਤਾਂ ਉਸ ਨੂੰ ਮਜਬੂਰਨ ਬਾਹਰਲੀ ਲੈਬ ਤੋਂ ਆਪਣਾ ਐਕਸਰਾ ਕਰਵਾਉਣਾ ਪਿਆ। ਜਦੋਂ ਉਹ ਐਕਸ ਰੇ ਦੀ ਰਿਪੋਰਟ ਲੈ ਕੇ ਵਾਪਸ ਆਇਆ ਤਾਂ ਐਕਸਰਾ ਰਿਪੋਰਟ ਨੂੰ ਦੇਖਣ ਵਾਲਾ ਡਾਕਟਰ ਮੌਜੂਦ ਨਹੀਂ ਸੀ। ਹਸਪਤਾਲ ਵਿਚ ਅਜਿਹੇ ਅਨੇਕਾਂ ਮਰੀਜ ਇਹੀ ਗਿਲਾ ਕਰ ਰਹੇ ਸਨ ਕਿ ਜੇਕਰ ਹਸਪਤਾਲ ਵਿਚ ਡਾਕਟਰ ਹੀ ਨਹੀਂ ਤਾਂ ਇਕੱਲੀ ਇਮਾਰਤ ਦਾ ਕੀ ਕਰਨਾ ਹੈ। ਇਸੇ ਤਰ੍ਹਾਂ ਨਾਭਾ, ਸਮਾਣਾ, ਰਾਜਪੁਰਾ 'ਚ ਵੀ ਡਾਕਟਰਾਂ ਦੀ ਭਾਰੀ ਕਮੀ ਕਾਰਨ ਉਥੋਂ ਦੇ ਸਿਆਸੀ ਆਗੂ ਤੇ ਲੋਕ ਸ਼ਿਕਾਇਤ ਕਰਦੇ ਰਹਿੰਦੇ ਹਨ, ਪਰ ਇਸ ਦੇ ਬਾਵਜੂਦ ਵੀ ਸਰਕਾਰ ਵਲੋਂ ਅਜਿਹਾ ਇਸ ਸਮੱਸਿਆ ਦੇ ਹੱਲ ਲਈ ਕੋਈ ਠੋਸ ਕਦਮ ਨਹੀਂ ਉਠਾਇਆ ਗਿਆ। ਇਕ ਡਾਕਟਰ ਨੇ ਆਪਣੀ ਪਛਾਣ ਨਾ ਜ਼ਾਹਿਰ ਕਰਨ 'ਤੇ ਦੱਸਿਆ ਕਿ ਪਿਛਲੇ ਦਿਨੀਂ ਮੁੱਖ ਮੰਤਰੀ ਵਲੋਂ 250 ਤੋਂ ਵੱਧ ਡਾਕਟਰਾਂ ਨੂੰ ਨਿਯੁਕਤੀ ਪੱਤਰ ਦਿੱਤੇ ਗਏ ਸਨ, ਪਰ ਜਿਨ੍ਹਾਂ ਵਿਚੋਂ 80 ਫ਼ੀਸਦੀ ਡਾਕਟਰਾਂ ਨੇ ਜੁਆਇਨ ਹੀ ਨਹੀਂ ਕੀਤਾ ਇਸ ਦੇ ਪਿੱਛੇ ਸਰਕਾਰ ਦੀਆਂ ਉਹ ਨੀਤੀਆਂ ਹਨ ਜਿਹੜੀਆਂ ਕਿ ਨਵੇਂ ਡਾਕਟਰਾਂ ਨੂੰ ਪਸੰਦ ਨਹੀਂ ਆ ਰਹੀਆਂ। ਇਸ ਸੰਬੰਧੀ ਸਿਵਲ ਸਰਜਨ ਪਟਿਆਲਾ ਡਾ. ਜਸਵਿੰਦਰ ਸਿੰਘ ਨੇ ਦੱਸਿਆ ਕਿ ਜ਼ਿਲ੍ਹੇ ਵਿਚ ਜਿੱਥੇ ਡਾਕਟਰਾਂ ਦੀ ਘਾਟ ਹੈ, ਉਸ ਸੰਬੰਧੀ ਉਨ੍ਹਾਂ ਉੱਚ ਅਧਿਕਾਰੀਆਂ ਨੂੰ ਲਿਖਤੀ ਭੇਜਿਆ ਹੋਇਆ ਹੈ, ਜਿਸ 'ਤੇ ਪੰਜਾਬ ਸਰਕਾਰ ਕਾਰਵਾਈ ਕਰ ਰਹੀ ਹੈ।

ਮਾਤਾ ਕੁਸ਼ੱਲਿਆ ਹਸਪਤਾਲ ਦੀ ਇਮਾਰਤ ਦਾ ਬਾਹਰੀ ਦ੍ਰਿਸ਼। ਅਜੀਤ ਤਸਵੀਰ

ਮੀਟਿੰਗ ਦੌਰਾਨ ਨਿਰਦੇਸ਼ ਜਾਰੀ ਕਰਦੇ ਮੇਅਰ ਕੁੰਦਨ ਗੋਗੀਆ। ਅਜੀਤ ਤਸਵੀਰ

ਮੇਅਰ ਗੋਗੀਆ ਵਲੋਂ ਸਫ਼ਾਈ ਵਿਭਾਗ ਤੇ ਸੰਬੰਧਿਤ ਮੁੱਖ ਅਧਿਕਾਰੀਆਂ ਨਾਲ ਮੀਟਿੰਗ

ਪਟਿਆਲਾ, 27 ਨਵੰਬਰ (ਅ. ਸ. ਆਹਲੂਵਾਲੀਆ)-ਪਟਿਆਲਾ ਸ਼ਹਿਰ ਨੂੰ ਹੋਰ ਸਾਫ਼-ਸੁਥਰਾ ਤੇ ਸੁਚੱਜਾ ਬਣਾਉਣ ਦੀ ਮੁਹਿੰਮ ਨੂੰ ਅਮਲੀ ਜਾਮਾ ਪਵਾਉਣ ਲਈ ਮੇਅਰ ਕੁੰਦਨ ਗੋਗੀਆ ਨੇ ਸਫ਼ਾਈ ਵਿਭਾਗ ਤੇ ਸੰਬੰਧਿਤ ਮੁੱਖ ਅਧਿਕਾਰੀਆਂ ਨਾਲ ਇਕ ਮੀਟਿੰਗ ਕੀਤੀ। ਮੀਟਿੰਗ 'ਚ ਹੈਲਥ ਅਫ਼ਸਰ, ਸੈਨੇਟਰੀ ਇੰਸਪੈਕਟਰਾਂ ਤੇ ਸਫ਼ਾਈ ਸੰਬੰਧੀ ਜ਼ਿੰਮੇਵਾਰ ਮੁਲਾਜ਼ਮ ਹਾਜ਼ਰ ਸਨ। ਮੇਅਰ ਨੇ ਸ਼ਹਿਰ 'ਚ ਮੌਜੂਦਾ ਸਫ਼ਾਈ ਪ੍ਰਬੰਧਾਂ ਦੀ ਸਮੀਖਿਆ ਕੀਤੀ ਤੇ ਉਨ੍ਹਾਂ ਖੇਤਰਾਂ ਦੀ ਪਛਾਣ ਕੀਤੀ, ਜਿੱਥੇ ਸਫ਼ਾਈ ਨੂੰ ਹੋਰ ਬਿਹਤਰ ਬਣਾਉਣ ਦੀ ਲੋੜ ਹੈ। ਸ਼ਹਿਰ ਦੇ ਹਰ ਵਾਰਡ 'ਚ ਸਫ਼ਾਈ ਲਈ ਜ਼ਿੰਮੇਵਾਰ ਕਰਮਚਾਰੀਆਂ ਦਾ ਰੋਜਾਨਾ ਮੋਨੀਟਰਿੰਗ ਰਿਕਾਰਡ ਤਿਆਰ ਹੋਵੇਗਾ ਅਤੇ ਲਾਪਰਵਾਹੀ ਪਾਈ ਜਾਣ 'ਤੇ ਸਖ਼ਤ ਕਾਰਵਾਈ ਕੀਤੀ ਜਾਵੇਗੀ। ਸਾਫ਼-ਸੁਥਰਾ ਪਟਿਆਲਾ ਬਣਾਉਣ ਲਈ ਸੈਨੇਟਰੀ ਇੰਸਪੈਕਟਰਾਂ ਨੂੰ ਸਪਸ਼ਟ ਨਿਰਦੇਸ਼ ਦਿੱਤੇ ਕਿ ਉਹ ਆਪਣੀ-ਆਪਣੀ ਜ਼ਿੰਮੇਵਾਰੀ ਵਾਲੀਆਂ ਥਾਵਾਂ 'ਤੇ ਨਿਯਮਿਤ ਤੌਰ 'ਤੇ ਦੌਰਾ ਕਰਨ। ਲੋਕਾਂ ਨੂੰ ਵੀ ਸਫ਼ਾਈ ਮੁਹਿੰਮ ਨਾਲ ਜੁੜਨ ਦੀ ਅਪੀਲ ਕਰਦੇ ਕਿਹਾ ਕਿ ਸ਼ਹਿਰ ਨੂੰ ਸਾਫ਼ ਰੱਖਣਾ ਸਿਰਫ ਨਗਰ ਨਿਗਮ ਦਾ ਕੰਮ ਨਹੀਂ, ਸਗੋਂ ਹਰ ਨਾਗਰਿਕ ਦੀ ਜ਼ਿੰਮੇਵਾਰੀ ਹੈ। ਮੀਟਿੰਗ 'ਚ ਇਹ ਵੀ ਫ਼ੈਸਲਾ ਲਿਆ ਗਿਆ ਕਿ ਨਗਰ ਨਿਗਮ ਵਲੋਂ ਸੜਕਾਂ 'ਤੇ ਪਏ ਮਲਬੇ ਅਤੇ ਗੰਦਗੀ ਵਾਲੇ ਖੇਤਰਾਂ ਖ਼ਿਲਾਫ਼ ਵਿਸ਼ੇਸ਼ ਮੁਹਿੰਮ ਚਲਾਈ ਜਾਵੇਗੀ। ਹੈਲਥ ਅਫ਼ਸਰ ਡਾ. ਨਵਿੰਦਰ ਸਿੰਘ ਨੇ ਭਰੋਸਾ ਦਿਵਾਇਆ ਕਿ ਸਫ਼ਾਈ ਪ੍ਰਣਾਲੀ ਨੂੰ ਪੂਰੀ ਤਰ੍ਹਾਂ ਮਜ਼ਬੂਤ ਕਰਨ ਲਈ ਸਾਰੀ ਟੀਮ ਤਤਪਰ ਰਹੇਗੀ। ਇਸ ਮੌਕੇ ਸੈਨੇਟਰੀ ਇੰਸਪੈਕਟਰ ਸੈਨੇਟਰੀ ਇੰਸ. ਮੋਹਿਤ ਜਿੰਦਲ, ਸੈਨੇਟਰੀ ਇੰਸ. ਇੰਦਰਜੀਤ ਸਿੰਘ, ਸੈਨੇਟਰੀ ਇੰਸ. ਰਾਜੇਸ਼ ਕੁਮਾਰ, ਸੈਨੇਟਰੀ ਇੰਸ. ਰਿਸ਼ਵ ਗੁਪਤਾ, ਸੈਨੇਟਰੀ ਇੰਸ. ਹਰਵਿੰਦਰ ਸਿੰਘ, ਸੈਨੇਟਰੀ ਇੰਸ. ਜਗਤਾਰ ਸਿੰਘ, ਸੈਨੇਟਰੀ ਇੰਸ. ਗੋਗਾ ਰਾਣੀ, ਸੈਨੇਟਰੀ ਸੁਪਰਵਾਈਜ਼ਰ ਨਰਿੰਦਰ ਕੁਮਾਰ ਤੇ ਹੋਰ ਸੰਬੰਧਿਤ ਅਧਿਕਾਰੀ ਵਿਸ਼ੇਸ਼ ਤੌਰ 'ਤੇ ਮੌਜੂਦ ਸਨ।

ਚੇਅਰਮੈਨ ਹਡਾਣਾ ਵਲੋਂ ਪੀ. ਆਰ. ਟੀ. ਸੀ. ਦੇ ਮ੍ਰਿਤਕ ਆਸ਼ਰਿਤਾਂ ਦੇ ਵਾਰਸਾਂ ਨੂੰ ਸੌਂਪੇ ਨਿਯੁਕਤੀ ਪੱਤਰ

ਪਟਿਆਲਾ, 27 ਨਵੰਬਰ (ਅ. ਸ. ਆਹਲੂਵਾਲੀਆ)-ਪੀ. ਆਰ. ਟੀ. ਸੀ 'ਚ ਨੌਕਰੀ ਦੌਰਾਨ ਮ੍ਰਿਤਕ ਹੋਏ ਕਰਮਚਾਰੀਆਂ ਦੇ ਪਰਿਵਾਰਾਂ ਨੂੰ ਰਾਹਤ ਦੇਣ ਅਤੇ ਉਨ੍ਹਾਂ ਦੇ ਜੀਵਨ ਦੀ ਸੁਰੱਖਿਆ ਯਕੀਨੀ ਬਣਾਉਣ ਲਈ ਇਕ ਮਹੱਤਵਪੂਰਨ ਕਦਮ ਚੁੱਕਦੇ ਹੋਏ ਚੇਅਰਮੈਨ ਰਣਜੋਧ ਸਿੰਘ ਹਡਾਣਾ ਵਲੋਂ ਤਰਸ ਦੇ ਆਧਾਰ 'ਤੇ ਨਿਯੁਕਤੀ ਪੱਤਰ ਸੌਂਪੇ ਗਏ। ਇਸ ਤਹਿਤ 1 ਟੀ.ਐੱਸ.ਵੀ.ਸੀ, 1 ਕੰਡਕਟਰ ਅਤੇ 7 ਸੇਵਾਦਾਰਾਂ ਸਮੇਤ ਕੁੱਲ 9 ਉਮੀਦਵਾਰਾਂ ਨੂੰ ਨੌਕਰੀ ਦੇ ਆਰਡਰ ਜਾਰੀ ਕੀਤੇ ਗਏ। ਇਸ ਮੌਕੇ ਚੇਅਰਮੈਨ ਹਡਾਣਾ ਨੇ ਵਿਸ਼ੇਸ਼ ਤੌਰ 'ਤੇ ਦੱਸਿਆ ਕਿ ਪੀ. ਆਰ. ਟੀ. ਸੀ. ਪਰਿਵਾਰ ਦੇ ਹਰੇਕ ਮੈਂਬਰ ਦੀ ਸੇਵਾ ਅਤੇ ਭਲਾਈ ਮਾਨ ਸਰਕਾਰ ਦੀ ਪ੍ਰਾਥਮਿਕਤਾ ਹੈ। ਮ੍ਰਿਤਕ ਕਰਮਚਾਰੀਆਂ ਦੇ ਪਰਿਵਾਰਾਂ ਨੂੰ ਆਰਥਿਕ ਸਹਾਇਤਾ ਵਜੋਂ ਤਰਸ ਦੇ ਆਧਾਰ 'ਤੇ ਭਰਤੀ ਦੀ ਨੀਤੀ ਬੇਹਦ ਮਹੱਤਵਪੂਰਨ ਹੈ। ਉਨ੍ਹਾਂ ਕਿਹਾ ਕਿ ਇਹ ਨਿਯੁਕਤੀਆਂ ਨਾ ਸਿਰਫ ਪਰਿਵਾਰਾਂ ਦੇ ਭਵਿੱਖ ਨੂੰ ਸੁਰੱਖਿਅਤ ਕਰਨਗੀਆਂ, ਸਗੋਂ ਵਿਭਾਗ 'ਚ ਵੀ ਲੋੜੀਂਦਾ ਸਟਾਫ਼ ਪੂਰਾ ਕਰਨ ਲਈ ਸਹਾਈ ਹੋਣਗੀਆਂ। ਉਨ੍ਹਾਂ ਕਿਹਾ ਕਿ ਨਿਯੁਕਤੀ ਪੱਤਰ ਪ੍ਰਾਪਤ ਕਰਨ ਵਾਲਿਆਂ ਨੂੰ ਉਨ੍ਹਾਂ ਦੇ ਘਰਾਂ ਦੀ ਦੂਰੀ ਅਤੇ ਵਿਭਾਗ ਦੀਆਂ ਲੋੜਾਂ ਨੂੰ ਧਿਆਨ 'ਚ ਰੱਖਦੇ ਹੋਏ ਕਪੂਰਥਲਾ, ਬਰਨਾਲਾ, ਫ਼ਰੀਦਕੋਟ, ਬਠਿੰਡਾ ਡਿਪੂਆਂ ਅਤੇ ਮੁੱਖ ਦਫ਼ਤਰ ਪਟਿਆਲਾ 'ਚ ਤੈਨਾਤ ਕੀਤਾ ਗਿਆ ਹੈ। ਇਸ ਤੋਂ ਉਮੀਦ ਹੈ ਕਿ ਨਵੇਂ ਭਰਤੀ ਕਰਮਚਾਰੀ ਆਪਣੀ ਡਿਊਟੀ ਇਮਾਨਦਾਰੀ ਨਾਲ ਨਿਭਾਉਂਦੇ ਹੋਏ ਪੀ. ਆਰ. ਟੀ. ਸੀ. ਦੀਆਂ ਸੇਵਾਵਾਂ ਨੂੰ ਹੋਰ ਮਜ਼ਬੂਤ ਕਰਨਗੇ। ਇਸ ਮੌਕੇ ਵਿਭਾਗ ਦੇ ਮੈਨੇਜਿੰਗ ਡਾਇਰੈਕਟਰ ਬਿਕਰਮਜੀਤ ਸਿੰਘ ਸ਼ੇਰਗਿ